**ਪੰਜਾਬ ਵਿਧਾਨ ਸਭਾ ਸਕੱਤਰੇਤ**

**ਬੁੱਧਵਾਰ, ਮਿਤੀ 03 ਮਾਰਚ, 2021 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ।**

**ਕਰੋਨਾ ਦੌਰਾਨ ਸਿਹਤ ਵਿਭਾਗ ਵਿੱਚ ਰੱਖੇ ਵਲੰਟੀਅਰ ਨੌਜਵਾਨਾਂ ਨੂੰ ਰੋਜ਼ਗਾਰ ਦੇਣਾ**

524. **ਸ਼੍ਰੀਮਤੀ ਰੁਪਿੰਦਰ ਕੌਰ ਰੂਬੀ, ਐਮ.ਐਲ.ਏ.**:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਕਰੋਨਾ ਦੌਰਾਨ ਸੂਬਾ ਸਰਕਾਰ ਵੱਲੋਂ ਬੀਮਾਰੀ ਦੀ ਰੋਕਥਾਮ ਲਈ ਮੈਡੀਕਲ ਅਤੇ ਪੈਰਾ ਮੈਡੀਕਲ ਵਲੰਟੀਅਰ ਰੱਖੇ ਗਏ ਸਨ ਜਿਨ੍ਹਾਂ ਨੂੰ ਹੁਣ ਕੰਮ ਤੋਂ ਕੱਢ ਦਿੱਤਾ ਗਿਆ ਹੈ; ਜੇਕਰ ਅਜਿਹਾ ਹੈ ਤਾਂ ਕੀ ਪੰਜਾਬ ਸਰਕਾਰ ਕੋਲ ਇਹਨਾਂ ਸਿੱਖਿਅਤ ਬੇਰੋਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਲਈ ਕੋਈ ਤਜਵੀਜ ਹੈ?

**ਸਨੌਰ ਅਤੇ ਭੁਨਰਹੇੜੀ ਲਈ ਵਰਤੇ ਇਸ਼ਤਿਹਾਰਾਂ ਦਾ ਵੇਰਵਾ**

527. **ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਐਮ.ਐਲ.ਏ.**:- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਾਰਚ 2017 ਤੋਂ ਬਾਅਦ ਬਲਾਕ ਸਨੌਰ ਅਤੇ ਭੁਨਰਹੇੜੀ (ਜ਼ਿਲ੍ਹਾ ਪਟਿਆਲਾ) ਦੀਆਂ ਕਿਹੜੀਆਂ-ਕਿਹੜੀਆਂ ਪੰਚਾਇਤਾਂ ਵੱਲੋਂ ਕਿੰਨੇ ਕਿੰਨੇ ਇਸ਼ਤਿਹਾਰ/ਸਪਲੀਮੈਂਟ ਕਿਹੜੇ-ਕਿਹੜੇ ਅਖਬਾਰਾਂ ਨੂੰ ਦਿੱਤੇ ਗਏ ਅਤੇ ਇਨ੍ਹਾਂ ਤੇ ਕਿੰਨਾ ਕਿੰਨਾ ਖਰਚਾ ਕੀਤਾ ਗਿਆ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਪੰਜਾਬ ਦੇ ਪਸ਼ੂ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿਖੇ ਵੈਟਰਨਰੀ ਡਾਕਟਰਾਂ ਦੀਆਂ ਅਸਾਮੀਆਂ**

532. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.**:- ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪੰਜਾਬ ਵਿੱਚ ਕਿੰਨੇ ਪਸ਼ੂ ਹਸਪਤਾਲ/ਪਸ਼ੂ ਡਿਸਪੈਂਸਰੀਆਂ ਹਨ ਅਤੇ ਇਨ੍ਹਾਂ ਵਿੱਚ ਕਿੰਨੀਆਂ ਵੈਟਰਨਰੀ ਡਾਕਟਰਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ;

ਅ) ਕੀ ਇਹ ਠੀਕ ਹੈ ਕਿ ਪੰਜਾਬ ਸਰਕਾਰ ਵੱਲੋਂ ਨਸਲ ਸੁਧਾਰ ਲਈ ਪਸ਼ੂ ਪਾਲਕਾਂ ਲਈ ਸਰਕਾਰੀ ਪਸ਼ੂ ਹਸਪਤਾਲਾਂ/ਡਿਸਪੈਂਸਰੀਆਂ ਵਿੱਚ ਮੁਫਤ ਬਨਾਉਟੀ ਗਰਭ ਧਾਰਨ ਕਰਵਾਉਣ ਦੀ ਸਹੂਲਤ ਦਿੱਤੀ ਹੈ ਪਰੰਤੂ ਵੈਟਰਨਰੀ ਡਾਕਟਰਾਂ ਦੀਆਂ ਅਸਾਮੀਆਂ ਖਾਲੀ ਹੋਣ ਕਰਕੇ ਪਸ਼ੂ ਪਾਲਕਾਂ ਨੂੰ ਪੂਰਾ ਲਾਭ ਨਹੀਂ ਮਿਲ ਰਿਹਾ;

ੲ) ਪੰਜਾਬ ਸਰਕਾਰ ਵੈਟਰਨਰੀ ਡਾਕਟਰਾਂ ਦੀਆਂ ਖਾਲੀ ਪਈਆਂ ਅਸਾਮੀਆਂ ਕਦੋਂ ਤੱਕ ਭਰ ਲਵੇਗੀ?

**ਸ਼ਹੀਦ ਜਮਾਂਦਾਰ ਨੰਦ ਸਿੰਘ ਅਤੇ ਕੈਪਟਨ ਕਰਮ ਸਿੰਘ ਮੱਲੀ ਦਾ ਬੁੱਤ ਲਗਾਉਣਾ**

533. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.**:- ਕੀ ਰੱਖਿਆ ਸੇਵਾਵਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਮਾਨਸਾ ਜ਼ਿਲ੍ਹੇ ਦੇ ਪਿੰਡ ਬਹਾਦਰਪੁਰ ਦੇ ਜੰਮਪਲ ਸ਼ਹੀਦ ਜਮਾਂਦਾਰ ਨੰਦ ਸਿੰਘ ਨੂੰ ਅੰਗਰੇਜ਼ ਸਰਕਾਰ ਤੋਂ ਵਿਕਟੋਰੀਆ ਕਰਾਸ ਅਤੇ ਅਜ਼ਾਦੀ ਬਾਅਦ ਮਰਨ ਉਪਰੰਤ ਮਹਾਂਵੀਰ ਚੱਕਰ ਮਿਲਿਆ ਸੀ;

ਅ) ਕੀ ਇਹ ਵੀ ਠੀਕ ਹੈ ਕਿ ਮਾਨਸਾ ਜ਼ਿਲ੍ਹੇ ਵਿੱਚ ਇਸ ਇਕਲੌਤੇ ਬਹਾਦਰ ਯੋਧੇ ਦਾ ਕੋਈ ਬੁੱਤ ਨਹੀਂ ਲਗਾਇਆ ਗਿਆ; ਜੇਕਰ ਅਜਿਹਾ ਹੋਵੇ ਤਾਂ ਪੰਜਾਬ ਸਰਕਾਰ ਇਸ ਬਹਾਦਰ ਯੋਧੇ ਦਾ ਮਾਨਸਾ ਜ਼ਿਲ੍ਹਾ ਹੈਡ ਕੁਆਰਟਰ ਤੇ ਜਾਂ ਇਸ ਦੇ ਜੱਦੀ ਪਿੰਡ ਬਹਾਦਰਪੁਰ ਵਿਖੇ ਬੁੱਤ ਕਦੋਂ ਤੱਕ ਲਗਾ ਦੇਵੇਗੀ;

ੲ) ਕੀ ਇਹ ਠੀਕ ਹੈ ਕਿ ਬਰਨਾਲਾ ਜ਼ਿਲ੍ਹੇ ਦੇ ਪਿੰਡ ਮੱਲੀਆਂ ਦੇ ਜੰਮਪਲ ਕੈਪਟਨ ਕਰਮ ਸਿੰਘ ਮੱਲੀ ਨੂੰ ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾਕਟਰ ਰਾਜਿੰਦਰ ਪ੍ਰਸ਼ਾਦ ਵੱਲੋਂ 26 ਜਨਵਰੀ 1951 ਵਿੱਚ ਦੇਸ਼ ਦੇ ਸਭ ਤੋਂ ਵੱਡੇ ਫੌਜੀ ਸਨਮਾਨ ਪਰਮਵੀਰ ਚੱਕਰ ਨਾਲ ਸਨਮਾਨਿਤ ਕੀਤਾ ਗਿਆ ਸੀ;

ਸ) ਕੀ ਇਹ ਵੀ ਠੀਕ ਹੈ ਕਿ ਪਰਮਵੀਰ ਚੱਕਰ ਪ੍ਰਾਪਤ ਕਰਨ ਵਾਲਾ ਯੋਧਾ ਬਰਨਾਲਾ ਜ਼ਿਲ੍ਹੇ ਵਿੱਚ ਇਕੱਲਾ ਹੀ ਹੈ, ਪਰੰਤੂ ਪੰਜਾਬ ਸਰਕਾਰ ਵੱਲੋਂ ਅੱਜ ਤੱਕ ਬਰਨਾਲਾ ਜ਼ਿਲ੍ਹੇ ਵਿੱਚ ਇਸ ਦੀ ਕੋਈ ਵੀ ਢੁਕਵੀਂ ਯਾਦਗਾਰ ਨਹੀਂ ਬਣਾਈ ਗਈ ਜਦੋਂ ਕਿ ਬਰਨਾਲਾ ਜ਼ਿਲ੍ਹਾ ਬਣੇ ਨੂੰ 14 ਸਾਲਾਂ ਦਾ ਸਮਾਂ ਹੋ ਚੁੱਕਾ ਹੈ; ਜੇਕਰ ਅਜਿਹਾ ਹੋਵੇ ਤਾਂ ਪੰਜਾਬ ਸਰਕਾਰ ਇਸ ਬਹਾਦਰ ਯੋਧੇ ਦਾ ਬਰਨਾਲਾ ਜ਼ਿਲ੍ਹਾ ਹੈੱਡ ਕੁਆਟਰ ਤੇ ਜਾਂ ਇਸ ਦੇ ਜੱਦੀ ਪਿੰਡ ਮੱਲੀਆਂ ਵਿਖੇ ਬੁੱਤ ਕਦੋਂ ਤੱਕ ਲਗਾ ਦੇਵੇਗੀ?

**ਕੌਮੀ ਬਹਾਦਰੀ ਪੁਰਸਕਾਰ ਵਿਜੇਤਾ ਨੂੰ ਨੌਕਰੀ ਦੇਣਾ**

534. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸਾਲ 2010 ਵਿੱਚ ਮਾਨਸਾ ਜ਼ਿਲ੍ਹੇ ਦੇ ਫਫੜੇ ਭਾਈਕੇ ਵਿਖੇ ਬੈਂਕ ਨੂੰ ਲੁੱਟਣ ਤੋਂ ਬਚਾਉਣ ਵਾਲੇ ਸ੍ਰੀ ਗੁਰਜੀਵਨ ਸਿੰਘ ਨੂੰ ਉਸ ਵੇਲੇ ਦੀ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਵੱਲੋਂ ਕੌਮੀ ਬਹਾਦਰੀ ਪੁਰਸਕਾਰ ਦਿੱਤਾ ਗਿਆ ਸੀ;

ਅ) ਕੀ ਇਹ ਵੀ ਠੀਕ ਹੈ ਕਿ ਸ੍ਰੀ ਗੁਰਜੀਵਨ ਸਿੰਘ ਨੂੰ ਮਿਲੇ ਕੌਮੀ ਬਹਾਦਰੀ ਪੁਰਸਕਾਰ ਤੋਂ ਬਾਅਦ ਪ੍ਰਧਾਨ ਮੰਤਰੀ ਅਤੇ ਪੰਜਾਬ ਦੇ ਮੁੱਖ ਮੰਤਰੀ, ਉਪ ਮੁੱਖ ਮੰਤਰੀ ਅਨੇਕਾਂ ਵਜੀਰਾਂ ਅਤੇ ਡਿਪਟੀ ਕਮਿਸ਼ਨਰਾਂ ਨੇ ਵੀ ਸਨਮਾਨਿਆ ਸੀ;

ੲ) ਕੀ ਇਹ ਵੀ ਠੀਕ ਹੈ ਕਿ ਪੰਜਾਬ ਸਰਕਾਰ ਨੇ ਅੱਜ ਤੱਕ ਸ੍ਰੀ ਗੁਰਜੀਵਨ ਸਿੰਘ ਦੀ ਰੋਟੀ ਰੋਜ਼ੀ ਦਾ ਪ੍ਰਬੰਧ ਕਰਨ ਲਈ ਕੋਈ ਨੌਕਰੀ ਨਹੀਂ ਦਿੱਤੀ ਅਤੇ ਅੱਜ ਕੱਲ ਉਹ ਪੱਲੇਦਾਰੀ ਕਰਕੇ ਆਪਣਾ ਜੀਵਨ ਬਤੀਤ ਕਰ ਰਿਹਾ ਹੈ; ਜੇਕਰ ਅਜਿਹਾ ਹੈ ਤਾਂ ਪੰਜਾਬ ਸਰਕਾਰ ਇਸ ਕੌਮੀ ਬਹਾਦਰੀ ਪੁਰਸਕਾਰ ਵਿਜੇਤਾ ਨੂੰ ਨੌਕਰੀ ਕਦੋਂ ਤੱਕ ਦੇ ਦੇਵੇਗੀ?

**ਖੇਤੀਬਾੜੀ ਵਿਭਾਗ ਦੀਆਂ 2200 ਅਸਾਮੀਆਂ ਖਤਮ ਕਰਨਾ**

535. **ਸਰਦਾਰ ਕੁਲਤਾਰ ਸਿੰਘ ਸੰਧਵਾ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪੰਜਾਬ ਸਰਕਾਰ ਵੱਲੋਂ ਖੇਤੀਬਾੜੀ ਵਿਭਾਗ ਵਿੱਚ ਕੁੱਲ 3400 ਪ੍ਰਵਾਨਿਤ ਅਸਾਮੀਆ ਵਿੱਚੋਂ 2200 ਅਸਾਮੀਆਂ ਖਤਮ ਕਰਨ ਦਾ ਫੈਸਲਾ ਲਿਆ ਗਿਆ ਹੈ;

ਅ) ਕੀ ਇਹ ਵੀ ਠੀਕ ਹੈ ਕਿ ਖਤਮ ਕੀਤੀਆ ਜਾਣ ਵਾਲੀਆਂ ਅਸਾਮੀਆਂ ਨਾਲ ਹਾਈਡੌਲੋਜੀ ਵਿੰਗ ਅਤੇ ਇੰਜਨੀਅਰਿੰਗ ਵਿੰਗ ਨੂੰ ਲੱਗਭਗ ਖਤਮ ਹੀ ਕਰ ਦਿੱਤਾ ਜਾਵੇਗਾ;

ੲ) ਖੇਤੀਬਾੜੀ ਵਿਭਾਗ ਦੀਆਂ ਪ੍ਰਵਾਨਿਤ ਅਸਾਮੀਆਂ ਵਿੱਚੋਂ 41 ਪ੍ਰਤੀਸ਼ਤ ਅਸਾਮੀਆਂ ਖਤਮ ਕਰਨ ਦੇ ਕੀ ਕਾਰਨ ਹਨ; ਜਦੋ ਕਿ ਲੱਖਾਂ ਪੜੇ ਲਿਖੇ ਨੌਜਵਾਨ ਰੋਜਗਾਰ ਤੋਂ ਵਾਂਝੇ ਫਿਰ ਰਹੇ ਹਨ?

**ਬੁਢਲਾਡਾ, ਬਰੇਟਾ ਅਤੇ ਬੋਹਾ ਦੀਆਂ ਧਰਮਸ਼ਾਲਾਵਾਂ ਨੂੰ ਗ੍ਰਾਂਟ ਜਾਰੀ ਕਰਨਾ**

561. **ਸ਼੍ਰੀ ਬੁੱਧ ਰਾਮ, ਐਮ.ਐਲ.ਏ.**:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਹਲਕਾ ਬੁਢਲਾਡਾ ਦੇ ਤਿੰਨ ਸ਼ਹਿਰਾਂ ਬੁਢਲਾਡਾ, ਬਰੇਟਾ, ਬੋਹਾ ਵਿਖੇ ਧਾਨਕ, ਪਰਜਾਪਤ, ਰਵਿਦਾਸੀਆਂ ਅਤੇ ਮਜਬੀ ਸਿੱਖ ਬਰਾਦਰੀਆਂ ਦੀਆਂ ਧਰਮਸ਼ਾਲਾਵਾਂ ਲਈ ਪਿਛਲੇ ਚਾਰ ਸਾਲਾਂ ਤੋਂ ਕੋਈ ਗ੍ਰਾਂਟ ਜਾਰੀ ਨਹੀਂ ਕੀਤੀ ਗਈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਇਹਨਾਂ ਬਰਾਦਰੀਆਂ ਦੀਆਂ ਧਰਮਸ਼ਾਲਾਵਾਂ ਲਈ ਮੁਰੰਮਤ ਅਤੇ ਉਸਾਰੀ ਲਈ ਕਦੋਂ ਤੱਕ ਗ੍ਰਾਂਟ ਜਾਰੀ ਕਰ ਦਿੱਤੀ ਜਾਵੇਗੀ?

**ਬੁਢਲਾਡਾ ਵਿਖੇ ਤਹਿਸੀਲਦਾਰ ਅਤੇ ਨਾਇਬ ਤਹਿਸੀਲਦਾਰ ਦੀਆਂ ਪੋਸਟਾਂ**

562. **ਸ਼੍ਰੀ ਬੁੱਧ ਰਾਮ, ਐਮ.ਐਲ.ਏ.**:- ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਬ ਡਵੀਜ਼ਨ ਬੁਢਲਾਡਾ ਦੀ ਤਹਿਸੀਲ ਬੁਢਲਾਡਾ ਵਿੱਚ ਤਹਿਸੀਲਦਾਰ ਅਤੇ ਸਬ-ਤਹਿਸੀਲ ਬਰੇਟਾ ਵਿੱਚ ਨਾਇਬ ਤਹਿਸੀਲਦਾਰ ਦੀਆ ਪੋਸਟਾਂ ਖਾਲੀ ਹਨ; ਜੇਕਰ ਅਜਿਹਾ ਹੈ ਤਾਂ ਇਹ ਦੋਵੇਂ ਪੋਸਟਾਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ?

**ਬੁਢਲਾਡਾ ਦੇ ਵਾਰਡ ਨੰ: 19 ਅਤੇ 4 ਦੀਆਂ ਗਲੀਆਂ ਅਤੇ ਬੋਹਾ ਦੀ ਫਿਰਨੀ ਬਣਾਉਣਾ**

563. **ਸ਼੍ਰੀ ਬੁੱਧ ਰਾਮ, ਐਮ.ਐਲ.ਏ.**:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਬੁਢਲਾਡਾ ਸ਼ਹਿਰ ਦੇ ਵਾਰਡ ਨੰ. 19 ਵਿੱਚ ਬਾਜੀਗਰ ਬਸਤੀ ਅਤੇ ਵਾਰਡ ਨੰ. 4 (ਟਰੱਕ ਯੂਨੀਅਨ ਦੇ ਨਜ਼ਦੀਕ) ਬਸਤੀ ਦੀਆਂ ਗਲੀਆਂ ਦਾ ਬਹੁਤ ਮਾੜਾ ਹਾਲ ਹੈ ਜਿਸ ਕਾਰਨ ਲੋਕ ਨਰਕ ਵਰਗੀ ਜ਼ਿੰਦਗੀ ਬਤੀਤ ਕਰ ਰਹੇ ਹਨ;

ਅ) ਕੀ ਇਹ ਵੀ ਠੀਕ ਹੈ ਕਿ ਬੋਹਾ ਵਿਖੇ ਮਲ ਸਿੰਘ ਵਾਲਾ ਰੋਡ ਤੋਂ "ਬਾਗ ਵਾਲੇ ਵਿਹੜੇ" ਵੱਲ ਆ ਰਹੀ ਫਿਰਨੀ ਦਾ ਬਹੁਤ ਮਾੜਾ ਹਾਲ ਹੈ;

ੲ) ਜੇਕਰ ਉਪਰੋਕਤ ਭਾਗ (ੳ) ਅਤੇ (ਅ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਇਹ ਗਲੀਆਂ ਅਤੇ ਫਿਰਨੀ ਕਦੋਂ ਤੱਕ ਬਣਾ ਦਿੱਤੀਆਂ ਜਾਣਗੀਆਂ?

ਪਰਤੋਂ ਜੀ.....

**ਬੁਢਲਾਡਾ ਦੇ ਲਾਭਪਤਾਰੀਆਂ ਦੇ ਕੱਟੇ ਨੀਲੇ ਕਾਰਡ ਦੁਬਾਰਾ ਬਣਾਉਣਾ**

564. **ਸ਼੍ਰੀ ਬੁੱਧ ਰਾਮ, ਐਮ.ਐਲ.ਏ.:-** ਕੀ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬੁਢਲਾਡਾ ਹਲਕੇ ਵਿਖੇ ਵਿਭਾਗ ਦੇ ਕਰਮਚਾਰੀਆਂ ਵੱਲੋਂ ਅਸਲ ਲਾਭਪਾਤਰੀਆਂ ਦੇ (ਗਰੀਬਾਂ ਦੇ) ਨੀਲੇ ਕਾਰਡ ਵੱਡੀ ਪੱਧਰ ਤੇ ਕੱਟ ਦਿੱਤੇ ਗਏ ਹਨ ਪਰ ਚੰਗੀ ਆਰਥਿਕ ਸਥਿਤੀ ਵਾਲੇ ਲੋਕ ਆਟਾ ਦਾਲ ਦਾ ਲਾਭ ਲੈ ਰਹੇ ਹਨ; ਜੇਕਰ ਅਜਿਹਾ ਹੋਵੇ ਤਾਂ ਅਸਲ ਲੋੜਵੰਦ (ਲਾਭਪਾਤਰੀਆਂ) ਦੇ ਨੀਲੇ ਕਾਰਡ ਬਣਾਉਣ ਲਈ ਸਰਕਾਰ ਕੀ ਕਾਰਵਾਈ ਕਰ ਰਹੀ ਹੈ?

**ਸਰਕਾਰੀ ਬਹੁਤਕਨੀਕੀ ਕਾਲਜਾਂ ਵਿੱਚ ਗੈਰ ਅਧਿਆਪਨ ਅਮਲੇ ਦੀਆਂ ਖਾਲੀ ਅਸਾਮੀਆਂ ਦੀ ਭਰਤੀ ਪ੍ਰਕਿਰਿਆ**

575. **ਮਾਸਟਰ ਬਲਦੇਵ ਸਿੰਘ,ਐਮ.ਐਲ.ਏ.:-** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰੀ ਬਹੁਤਕਨੀਕੀ ਕਾਲਜਾਂ ਵਿੱਚ .ਗੈਰ ਅਧਿਆਪਨ ਅਮਲੇ ਦੀਆਂ ਖਾਲੀ ਪਈਆਂ ਅਸਾਮੀਆਂ ਉਪਰ ਭਰਤੀ ਪ੍ਰਕਿਰਿਆ ਕਦੋਂ ਤੱਕ ਮੁਕੰਮਲ ਕਰ ਲਈ ਜਾਵੇਗੀ?

**ਡਾਇਰਕਟੋਰੇਟ ਦੇ ਕੰਮਾਂ ਲਈ ਆਨਲਾਈਨ ਸਿਸਟਮ ਚਾਲੂ ਕਰਨਾ**

576. **ਮਾਸਟਰ ਬਲਦੇਵ ਸਿੰਘ,ਐਮ.ਐਲ.ਏ.:-** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਡਾਇਰੈਕਟਰ ਦਫ਼ਤਰ ਵਿੱਖੇ ਫੀਲਡ ਵਿੱਚੋਂ (ਕਾਲਜਾਂ ਚੋਂ) ਪੁੱਜੀ ਕੋਈ ਵੀ ਫਾਈਲ ਚਿੱਠੀ ਆਦਿ ਕਲੀਅਰ ਕਰਨ ਜਾਂ ਉਸ ਉਪਰ ਫੈਸਲਾ ਲੈਣ ਦੀ ਕੋਈ ਸਮਾਂ ਸੀਮਾ ਨਿਰਧਾਰਿਤ ਹੈ; ਜੇਕਰ ਨਹੀਂ ਤਾਂ ਡਾਇਰੈਕਟ ਪੱਧਰ ਤੇ ਹੁੰਦੀ ਬੇਲੋੜੀ ਦੇਰੀ ਨੂੰ ਦੂਰ ਕਰਨ ਲਈ ਅਤੇ ਕੰਮ ਕਾਰ ਵਿੱਚ ਚੁਸਤੀ ਲਿਆਉਣ ਲਈ ਸਰਕਾਰ ਕੀ ਯਤਨ ਕਰ ਰਹੀ ਹੈ;

ਅ) ਤਕਨੀਕੀ ਸਿੱਖਿਆ ਵਿਭਾਗ ਹੋਣ ਦੇ ਬਾਵਜੂਦ ਹਰ ਪ੍ਰਸ਼ਾਸਨਿਕ ਕੰਮ ਜਿਵੇਂ ਕਿ ਏ.ਸੀ.ਆਰ. ਛੁੱਟੀ ਮਨਜ਼ੂਰ ਕਰਨਾ ਆਦਿ ਵਿੱਚ ਤੇਜ਼ੀ ਲਿਆਉਣ ਲਈ ਅਜੇ ਤੱਕ ਕੰਮ ਆਨਲਾਈਨ ਕਿਉਂ ਨਹੀਂ ਕੀਤਾ ਗਿਆ;

ੲ) ਡਾਇਰੈਕਟੋਰੇਟ ਵਿਖੇ ਬਾਇਓਮੀਟਰਿਕ ਹਾਜ਼ਰੀ ਮਸ਼ੀਨਾਂ ਤੇ ਨਾ ਲਗਾਉਣ ਪਿੱਛੇ ਕੀ ਕਾਰਨ ਹਨ?

**ਵਿਦਿਆਰਥੀਆਂ ਦੇ ਸਮੈਸਟਰ ਰਿਜਲਟ ਵਿੱਚ ਸਬਜੈਕਟ ਕੋਡ ਦਰਸਾਉਣ ਤੇ ਦਿੱਕਤਾਂ**

577. **ਮਾਸਟਰ ਬਲਦੇਵ ਸਿੰਘ,ਐਮ.ਐਲ.ਏ.:-** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਦਿਆਰਥੀਆਂ ਦੇ ਸਮੈਸਟਰ ਦੇ ਰਿਜਲਟ ਵਿੱਚ ਸਿਰਫ ਸਬਜੈਕਟ ਕੋਡ ਹੀ ਦਰਸਾਏ ਜਾਣਾ ਅਤੇ ਵਿਸ਼ਿਆਂ ਦੇ ਨਾਮ ਨਾਂ ਦਰਸਾਏ ਜਾਣਾ, ਇਸ ਪਿੱਛੇ ਕੀ ਕਾਰਨ ਹੈ ਅਤੇ ਇਹਨਾਂ ਦਿੱਕਤਾਂ ਨੂੰ ਦੂਰ ਕਰਨ ਲਈ ਸਰਕਾਰ ਕੀ ਯਤਨ ਕਰ ਰਹੀ ਹੈ?

**ਬ੍ਰਾਂਚਾਂ ਦਾ ਸਿਲੇਬਸ ਐਨ.ਐਸ.ਕਿਉ.ਐਫ. ਦੀ ਤਰਜ ਤੇ ਕਰਨਾ**

581. **ਮਾਸਟਰ ਬਲਦੇਵ ਸਿੰਘ,ਐਮ.ਐਲ.ਏ.:-** ਕੀ ਤਕਨੀਕੀ ਸਿੱਖਿਆਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕਿਹੜੀਆਂ ਕਿਹੜੀਆਂ ਬ੍ਰਾਂਚਾਂ ਦਾ ਸਿਲੇਬਸ ਐਨ ਐਸ ਕਿਉ ਐਫ ਦੀ ਤਰਜ ਤੇ ਕਰ ਦਿੱਤਾ ਗਿਆ ਹੈ, ਕਿਹੜੀਆਂ ਬ੍ਰਾਂਚਾਂ ਬਾਕੀ ਹਨ ਅਤੇ ਇਨ੍ਹਾ ਬ੍ਰਾਂਚਾਂ ਦਾ ਸਿਲੇਬਸ ਕਦੋਂ ਤੱਕ ਐਨ ਐਸ ਕਿਉ ਐਫ ਦੀ ਤਰਜ ਤੇ ਕਰ ਦਿੱਤਾ ਜਾਵੇਗਾ;

ਅ) ਆਖਰੀ ਵਾਰ ਵਿਭਾਗ ਵੱਲੋਂ ਸਿਲੈਬਸ ਕਦੋਂ ਰਿਵਾਈਜ ਕੀਤਾ ਗਿਆ ਸੀ, ਸਿਲੈਬਸ ਰਿਵਾਈਜ ਕਰਨ ਵਾਲੀ ਕਮੇਟੀ ਵਿੱਚ ਕੋਣ ਕੋਣ ਸ਼ਾਮਲ ਸਨ ਅਤੇ ਉਨ੍ਹਾਂ ਦਾ ਅਕਾਦਮਿਕ ਜਾਂ ਇੰਡਸਟਰੀ ਬੈਕਗਰਾਉਂਡ ਕੀ ਹੈ;

ੲ) ਕੀ ਸਿਲੈਬਸ ਰਿਵਾਈਜ਼ ਕਰਨ ਸਮੇਂ ਭਾਰਤ ਦੀਆਂ ਵੱਕਾਰੀ ਸੰਸਥਾਵਾਂ ਜਿਵੇਂ ਕਿ ਆਈ ਆਈ ਟੀਜ਼ ਦੇ ਨੁਮਾਇੰਦੇ ਸ਼ਾਮਲ ਕੀਤੇ ਗਏ ਸਨ, ਜੇਕਰ ਨਹੀਂ ਤਾਂ ਸਿਲੇਬਸ ਨੂੰ ਇੰਡਸਟਰੀ ਦੇ ਅਨੁਕੂਲ ਬਣਾਉਣ ਲਈ ਵਿਭਾਗ ਵੱਲੋਂ ਕੀ-ਕੀ ਕਦਮ ਚੁੱਕੇ ਗਏ ਹਨ?

**ਪਿੰਡ ਜਵਾਹਰ ਸਿੰਘ ਵਾਲਾ ਮੋਗਾ ਦੀਆਂ ਟੇਲਾਂ ਤੱਕ ਪਾਣੀ ਪਹੁੰਚਾਉਣਾ**

609. **ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਐਮ.ਐਲ.ਏ.:-** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪਿੰਡ ਜਵਾਹਰ ਸਿੰਘ ਵਾਲਾ ਨੂੰ ਅਬੋਹਰ ਬ੍ਰਾਂਚ ਜਿਲੇਦਾਰੀ ਸੈਕਸ਼ਨ ਦੋਧਰ, ਜਿਲ੍ਹਾ ਮੋਗਾ ਤੋਂ ਮੋਘਾ ਨੰਬਰ 41820/TF ਰਜਵਾਹਾ ਬੱਧਨੀ ਕਲਾਂ, ਜਿਲ੍ਹਾ ਮੋਗਾ ਤੋਂ ਲੱਗਿਆ ਹੋਇਆ ਹੈ;

ਅ) ਕੀ ਇਹ ਵੀ ਠੀਕ ਹੈ ਕਿ ਉਪਰੋਕਤ ਵਰਣਿਤ ਰਜਵਾਹੇ ਤੋਂ ਪਿੰਡ ਜਵਾਹਰ ਸਿੰਘ ਵਾਲਾ, ਜਿਲ੍ਹਾ ਮੋਗਾ ਦੀਆਂ ਟੇਲਾਂ ਤੱਕ ਪਿੱਛਲੇ ਲਗਭਗ 5-6 ਸਾਲਾਂ ਤੋਂ ਪਾਣੀ ਨਹੀਂ ਆ ਰਿਹਾ, ਜੇਕਰ ਅਜਿਹਾ ਹੋਵੇ ਤਾਂ ਪਿੰਡ ਜਵਾਹਰ ਸਿੰਘ ਵਾਲਾ ਤੱਕ ਕਦੋਂ ਤੱਕ ਪਾਣੀ ਪੁੱਜਦਾ ਕਰਨ ਦੀ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ?

**ਸੂਬੇ ਦੇ ਬੇਰੋਜ਼ਗਾਰ ਨੋਜਵਾਨਾ ਨੂੰ ਬੇਰੋਜ਼ਗਾਰੀ ਭੱਤਾ ਦੇਣਾ**

618. **ਸ਼੍ਰੀਮਤੀ ਰੁਪਿੰਦਰ ਕੌਰ ਰੂਬੀ, ਐਮ.ਐਲ.ਏ:-** ਕੀ ਰੋਜਗਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਚੋਣ ਮਨੋਰਥ ਪੱਤਰ ਮੁਤਾਬਕ ਸੂਬੇ ਵਿੱਚ ਬੇਰੁਜ਼ਗਾਰ ਨੌਜਵਾਨਾਂ ਨੂੰ ਭੱਤਾ ਦੇਣ ਦਾ ਵਾਅਦਾ ਕੀਤਾ ਗਿਆ ਸੀ; ਜੇਕਰ ਅਜਿਹਾ ਹੈ ਤਾਂ ਕਿੰਨੇ ਬੇਰੁਜ਼ਗਾਰਾਂ ਨੂੰ ਕਿੰਨੀ (ਰਕਮ) ਬੇਰੁਜ਼ਗਾਰੀ ਭੱਤਾ ਸੂਬਾ ਸਰਕਾਰ ਵੱਲੋਂ ਦਿੱਤਾ ਗਿਆ ਹੈ ਅਤੇ ਉਨ੍ਹਾਂ ਦੇ ਨਾ ਅਤੇ ਰਿਹਾਇਸ਼ੀ ਪਤੇ ਦੱਸੇ ਜਾਣ?

**ਨਿਵੇਸਕਾਂ ਤੋਂ ਨਿਵੇਸ਼ ਕਰਵਾਉਣ ਲਈ "Invest Punjab Portal" ਬਣਾਉਣਾ**

619. **ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ,ਐਮ.ਐਲ.ਏ.:-** ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪੰਜਾਬ ਸਰਕਾਰ ਨੇ ਪੰਜਾਬ ਵਿੱਚ ਨਿਵੇਸਕਾਂ ਤੋਂ ਨਿਵੇਸ਼ ਕਰਵਾਉਣ ਦੇ ਮਕਸਦ ਨਾਲ "Invest Punjab Portal" ਬਣਾਇਆ ਹੋਇਆ ਹੈ; ਜੇਕਰ ਹਾਂ ਤਾਂ ਹੁਣ ਤੱਕ ਇਸ ਪੋਰਟਲ ਉੱਪਰ ਕਿੰਨੀਆਂ ਅਰਜੀਆਂ ਪ੍ਰਾਪਤ ਹੋ ਚੁੱਕੀਆਂ ਹਨ ਅਤੇ ਉਹਨਾਂ ਵਿੱਚੋਂ ਕਿੰਨੀਆਂ ਨੂੰ ਸਾਰੀਆਂ ਇਜਾਜ਼ਤਾਂ ਦਿੱਤੀਆਂ ਜਾ ਚੁੱਕੀਆ ਹਨ;

ਅ) ਕੀ ਇਹ ਵੀ ਠੀਕ ਹੈ ਕਿ "Invest Punjab Portal" ਉੱਪਰ ਨਿਵੇਸ਼ਕਾਂ ਨੂੰ ਸਾਰੇ ਸਬੰਧਿਤ ਮਹਿਕਮਿਆਂ ਵੱਲੋਂ ਪਾਸ ਕੀਤੇ ਜਾਣ ਲਈ ਸਮਾ ਸੀਮਾਵਾਂ ਤੈਅ ਹਨ; ਜੇਕਰ ਹਾਂ ਤਾਂ ਵੱਖ-ਵੱਖ ਕੰਮਾਂ ਲਈ ਵੱਖ-ਵੱਖ Timing ਬਾਰੇ ਦੱਸਿਆ ਜਾਵੇ?

**ਸਤਲੁਜ਼ ਦਰਿਆ ਨਾਲ ਲਗਦੇ ਪਿੰਡਾਂ ਨੂੰ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਵਾਉਣਾ**

620. **ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ,ਐਮ.ਐਲ.ਏ.:-** ਕੀ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਵਿਧਾਨ ਸਭਾ ਹਲਕਾ ਜਗਰਾਓ ਦੇ ਸਤਲੁਜ ਦਰਿਆ ਨਾਲ ਲਗਦੇ ਪਿੰਡਾਂ ਵਿੱਚ ਪੀਣ ਵਾਲੇ ਸਾਫ ਪਾਣੀ ਦਾ ਪ੍ਰਬੰਧ ਨਹੀਂ ਹੈ, ਜਿਸ ਕਾਰਨ ਲੋਕ ਦੂਰ ਤੋਂ ਪਾਣੀ ਲੈ ਕੇ ਆਉਣ ਲਈ ਮਜਬੂਰ ਹਨ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਹੁਣ ਤੱਕ ਪੰਜਾਬ ਸਰਕਾਰ ਨੇ ਸਤਲੁਜ਼ ਦਰਿਆ ਨਾਲ ਲਗਦੇ ਇਨਾਂ ਪਿੰਡਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਕੀ ਉਪਰਾਲੇ ਕੀਤੇ ਹਨ ਅਤੇ ਕਦੋਂ ਤੱਕ ਇਨ੍ਹਾਂ ਪਿੰਡਾਂ ਨੂੰ ਇਹ ਸਹੂਲਤ ਮੁਹੱਈਆ ਕਰਵਾ ਦਿੱਤੀ ਜਾਵੇਗੀ?

**ਰੂਪਨਗਰ ਵਿੱਚ ਨਵਾਂ ਬੱਸ ਸਟੈਂਡ ਬਣਾਉਣਾ**

626. **ਸਰਦਾਰ ਅਮਰਜੀਤ ਸਿੰਘ ਸੰਦੋਆ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰੂਪਨਗਰ ਵਿੱਚ ਨਵਾਂ ਆਧੁਨਿਕ ਬੱਸ ਸਟੈਂਡ ਬਣਾਉਣ ਦਾ ਪ੍ਰਸਤਾਵ ਪਾਸ ਹੋਇਆ ਸੀ, ਪਰੰਤੂ ਇਹ ਹੁਣ ਤੱਕ ਨਹੀਂ ਬਣਿਆ ਹੈ; ਜੇਕਰ ਅਜਿਹਾ ਹੈ ਤਾਂ ਇਹ ਬੱਸ ਸਟੈਂਡ ਕਦੋਂ ਤੱਕ ਬਣਾਏ ਜਾਣ ਦੀ ਸੰਭਾਵਨਾ ਹੈ?

**ਰੂਪਨਗਰ ਵਿੱਚ ਨਵੀਆਂ ਸੜਕਾਂ ਦਾ ਵੇਰਵਾ**

627. **ਸਰਦਾਰ ਅਮਰਜੀਤ ਸਿੰਘ ਸੰਦੋਆ,ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰੂਪਨਗਰ ਵਿੱਚ ਸਾਲ 2017 ਤੋਂ ਬਾਅਦ ਕਿੰਨੀਆਂ ਅਤੇ ਕਿਹੜੀਆਂ-ਕਿਹੜੀਆਂ ਸੜਕਾਂ ਬਣਾਈਆਂ ਗਈਆਂ ਹਨ;

ਅ) ਕਿੰਨੀਆਂ ਸੜਕਾਂ ਬਣਾਉਣ ਲਈ ਪਾਸ ਹੋ ਚੁੱਕੀਆਂ ਹਨ ਅਤੇ ਇਹ ਕਦੋਂ ਤੱਕ ਬਣ ਜਾਣਗੀਆਂ; ਵੇਰਵੇ ਸਹਿਤ ਦੱਸਿਆ ਜਾਵੇ;

ੲ) ਕੀ ਇਹ ਠੀਕ ਹੈ ਕਿ ਘਨੌਲੀ ਤੋਂ ਸ਼੍ਰੀ ਗੁਰੂ ਗੋਬਿੰਦ ਸਿੰਘ ਥਰਮਲ ਪਲਾਂਟ ਰੂਪਨਗਰ ਨੂੰ ਜਾਣ ਵਾਲੀ ਸੜਕ ਦੀ ਹਾਲਤ ਬਹੁਤ ਖਸਤਾ ਹੈ; ਜੇਕਰ ਅਜਿਹਾ ਹੈ ਤਾਂ ਇਸ ਸੜਕ ਦੇ ਨਵੇਂ ਨਿਰਮਾਣ ਦਾ ਕੰਮ ਕਦੋਂ ਤੱਕ ਸ਼ੁਰੂ ਕਰਵਾਏ ਜਾਣ ਦੀ ਸੰਭਾਵਨਾ ਹੈ;

ਸ) ਕੀ ਇਹ ਵੀ ਠੀਕ ਹੈ ਕਿ ਨੂਰਪੁਰ ਬੇਦੀ ਤੋਂ ਅਨੰਦਪੁਰ ਸਾਹਿਬ ਵਾਇਆ ਅਮਰਪੁਰ ਬੇਲਾ ਮੋਠਾਪੁਰ ਸੜਕ ਦਾ ਨਿਰਮਾਣ ਕਾਰਜ ਚੱਲ ਰਿਹਾ ਹੈ ਜੋ ਹੁਣ ਤੱਕ ਮੁਕੰਮਲ ਨਹੀਂ ਹੋ ਸਕਿਆ ਹੈ; ਜੇਕਰ ਅਜਿਹਾ ਹੈ ਤਾਂ ਇਹ ਕੰਮ ਕਦੋਂ ਤੱਕ ਮੁਕੰਮਲ ਕਰ ਲਏ ਜਾਣ ਦੀ ਸੰਭਾਵਨਾ ਹੈ?

ਚੰਡੀਗੜ੍ਹ
ਮਿਤੀ 02 ਮਾਰਚ, 2021

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।

2/3/21
ਸੁਪਰਡੈਂਟ
ਪੰਜਾਬ ਵਿਧਾਨ ਸਭਾ
ਚੰਡੀਗੜ੍ਹ